# ਜਿਨਸੀ ਸਾਥੀ/ਸਾਥਣਾਂ ਨੂੰ HIV ਬਾਰੇ ਖੁਲਾਸਾ:

## ਨਵੇਂ ਆਉਣ ਵਾਲਿਆਂ ਵਾਸਤੇ ਸਵਾਲ ਅਤੇ ਜਵਾਬ

ਤੁਹਾਡੀ HIV-ਪਾਜੇਟਿਵ ਅਵਸਥਾ ਬਾਰੇ ਜਾਣਨਾ ਤੁਹਾਡੀ ਸਿਹਤ ਵਾਸਤੇ ਇੱਕ ਅਹਿਮ ਕਦਮ ਹੈ। ਡਾਕਟਰੀ ਖੇਤਰ ਵਿੱਚ ਹੋਈਆਂ ਪ੍ਰਗਤੀਆਂ ਦੀ ਬਦੌਲਤ, ਜਿਹੜੇ ਲੋਕ ਆਪਣੀ HIV-ਪਾਜੇਟਿਵ ਅਵਸਥਾ ਬਾਰੇ ਜਾਣ ਜਾਂਦੇ ਹਨ ਅਤੇ ਜਿੰਨ੍ਹਾਂ ਦੀ ਸੰਭਾਲ ਅਤੇ HIV ਦੇ ਇਲਾਜ (ਐਂਟੀਰੈਟਰੋਵਾਇਰਲ ਜਾਂ ARVs) ਤੱਕ ਪਹੁੰਚ ਹੁੰਦੀ ਹੈ, ਲੰਬੀਆਂ ਅਤੇ ਸਿਹਤਮੰਦ ਜਿੰਦਗੀਆਂ ਜੀ ਸਕਦੇ ਹਨ। ਇਲਾਜ ਤੱਕ ਪਹੁੰਚ HIV ਨੂੰ ਜਿਨਸੀ ਸਾਥੀ/ਸਾਥਣਾਂ (sexual partners) ਤੱਕ ਫੈਲਾਉਣ ਦੇ ਖਤਰਿਆਂ ਨੂੰ ਘੱਟ ਕਰਨ ਵਿੱਚ ਮਦਦ ਵੀ ਕਰ ਸਕਦੀ ਹੈ। ਪਰ ਇਹ ਜਾਣ ਲੈਣ ਦੀਆਂ ਤੁਹਾਡੇ ਜੀਵਨ ਵਿੱਚ ਹੋਰ ਵੀ ਉਲਝਣਾਂ ਹੁੰਦੀਆਂ ਹਨ ਕਿ ਤੁਸੀਂ HIV-ਪਾਜੇਟਿਵ ਹੋ – ਉਦਾਹਰਨ ਲਈ, ਇਹ ਫੈਸਲਾ ਕਰਨਾ ਕਿ ਤੁਹਾਡੀ HIV ਅਵਸਥਾ ਬਾਰੇ ਕਿਸਨੂੰ ਦੱਸਿਆ ਜਾਵੇ।

ਇਹ ਬਰੌਸ਼ਰ ਤੁਹਾਡੇ ਜਿਨਸੀ ਸਾਥੀ/ਸਾਥਣਾਂ ਕੋਲ ਖੁਲਾਸਾ ਕਰਨ ਬਾਬਤ ਸੂਚਿਤ ਫੈਸਲੇ ਲੈਣ ਵਿੱਚ ਤੁਹਾਡੀ ਮਦਦ ਕਰੇਗਾ। ਇਹ ਕੈਨੇਡਾ ਵਿੱਚ ਅਪਰਾਧਕ ਕਨੂੰਨ, ਜਨਤਕ ਸਿਹਤ, ਅਤੇ ਨਵੇਂ ਆਉਣ ਵਾਲਿਆਂ ਲਈ ਵਿਸ਼ੇਸ਼ ਉਲਝਣਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ, ਜਿਸ ਵਿੱਚ ਸਥਾਈ ਵਸਨੀਕ, ਵਿਦਿਆਰਥੀ, ਅਸਥਾਈ ਕਾਮੇ, ਸੈਲਾਨੀ, ਸ਼ਰਣਾਰਥੀ, ਅਤੇ ਬਿਨਾਂ ਕਿਸੇ ਪ੍ਰਵਾਸ ਅਵਸਥਾ ਵਾਲੇ ਲੋਕ ਵੀ ਸ਼ਾਮਲ ਹਨ।

### 1. ਮੇਰੀ HIV-ਪਾਜੇਟਿਵ ਅਵਸਥਾ ਬਾਰੇ ਖੁਲਾਸਾ ਕਰਨ ਦਾ ਮਤਲਬ ਕੀ ਹੈ?

ਤੁਹਾਡੀ HIV-ਪਾਜੇਟਿਵ ਅਵਸਥਾ ਬਾਰੇ ਖੁਲਾਸਾ ਕਰਨ ਦਾ ਮਤਲਬ ਕਿਸੇ ਹੋਰ (ਉਦਾਹਰਨ ਲਈ ਕਿਸੇ ਦੋਸਤ, ਤੁਹਾਡੇ ਮਾਪਿਆਂ, ਤੁਹਾਡੀ ਪਤਨੀ/ਪਤੀ, ਆਦਿ ) ਨੂੰ ਇਹ ਦੱਸਣਾ ਹੈ ਕਿ ਤੁਸੀਂ HIV-ਪਾਜੇਟਿਵ ਹੋ।

ਜ਼ਿਆਦਾਤਰ ਸਮਾਂ, ਖੁਲਾਸਾ ਕਰਨਾ ਤੁਹਾਡੀ ਮਰਜ਼ੀ ’ਤੇ ਹੁੰਦਾ ਹੈ। ਤੁਹਾਡੀ ਆਪਣੇ ਪਰਿਵਾਰ ਜਾਂ ਦੋਸਤਾਂ ਨੂੰ ਇਹ ਦੱਸਣ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ ਕਿ ਤੁਸੀਂ HIV-ਪਾਜੇਟਿਵ ਹੋ, ਪਰ ਤੁਸੀਂ ਅਜਿਹਾ ਕਰਨ ਦਾ ਫੈਸਲਾ ਲੈ ਸਕਦੇ ਹੋ ਜੇ ਤੁਸੀਂ ਸੋਚਦੇ ਹੋ ਕਿ ਉਹਨਾਂ ਦੀ ਸਹਾਇਤਾ ਮਦਦ ਕਰ ਸਕਦੀ ਹੈ। ਇਸੇ ਤਰ੍ਹਾਂ ਹੀ, ਜ਼ਿਆਦਾਤਰ ਹਾਲਾਤਾਂ ਵਿੱਚ, ਤੁਹਾਨੂੰ ਆਪਣੇ ਮਕਾਨ-ਮਾਲਕ, ਰੁਜ਼ਗਾਰਦਾਤਾ, ਸਹਿ-ਕਰਮਚਾਰੀਆਂ, ਜਮਾਤੀਆਂ ਜਾਂ ਸਕੂਲ ਦੇ ਅਧਿਕਾਰੀਆਂ ਨੂੰ ਵੀ ਦੱਸਣ ਦੀ ਲੋੜ ਨਹੀਂ ਹੈ। ਤੁਹਾਨੂੰ ਆਪਣੇ ਦੰਦਾਂ ਦੇ ਡਾਕਟਰ ਜਾਂ ਹੋਰ ਸਿਹਤ-ਸੰਭਾਲ ਵਰਕਰਾਂ ਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਤੁਸੀਂ HIV-ਪਾਜੇਟਿਵ ਹੋ। ਪਰ, ਇੱਕ ਵਾਰ ਫੇਰ, ਤੁਸੀਂ ਇਹ ਯਕੀਨੀ ਬਣਾਉਣ ਲਈ ਅਜਿਹਾ ਕਰਨ ਦਾ ਫੈਸਲਾ ਕਰ ਸਕਦੇ ਹੋ ਤਾਂ ਜੋ ਤੁਹਾਨੂੰ ਉਚਿਤ, ਚੰਗੀ ਤਰ੍ਹਾਂ-ਸੂਚਿਤ ਸੰਭਾਲ ਮਿਲ ਸਕੇ।

**ਪ੍ਰਸਥਿਤੀ ਉਸ ਸਮੇਂ ਵਿਭਿੰਨ ਹੋ ਜਾਂਦੀ ਹੈ ਜਦ ਜਿਨਸੀ ਸਾਥੀ/ਸਾਥਣਾਂ ਦੀ ਗੱਲ ਆਉਂਦੀ ਹੈ।**

## 2. ਕਿਸੇ ਜਿਨਸੀ ਸਾਥੀ/ਸਾਥਣ ਨੂੰ ਖੁਲਾਸਾ ਕਰਨਾ ਕੀ ਹੈ?

ਕਿਸੇ ਜਿਨਸੀ ਸਾਥੀ/ਸਾਥਣ ਨੂੰ ਖੁਲਾਸਾ ਕਰਨ ਦਾ ਮਤਲਬ ਹੈ ਜਿਸ ਵਿਅਕਤੀ ਨਾਲ ਤੁਸੀਂ ਸੰਭੋਗ ਕਰ ਰਹੇ ਹੋ, ਉਸਨੂੰ ਇਹ ਦੱਸਣਾ ਕਿ ਤੁਸੀਂ HIV-ਪਾਜੇਟਿਵ ਹੋ।

ਇਹ ਵਿਅਕਤੀ ਕੋਈ ਵੀ ਉਹ ਵਿਅਕਤੀ ਹੋ ਸਕਦਾ ਹੈ ਜਿਸ ਨਾਲ ਤੁਹਾਡਾ ਜਿਨਸੀ ਰਿਸ਼ਤਾ ਹੈ, ਜਿਸ ਵਿੱਚ ਤੁਹਾਡੀ ਪਤਨੀ/ਪਤੀ, ਕੋਈ ਬਾਕਾਇਦਾ ਜਿਨਸੀ ਸਾਥੀ/ਸਾਥਣ, ਜਾਂ ਕੋਈ ਹੋਰ ਵਿਅਕਤੀ ਵੀ ਸ਼ਾਮਲ ਹੈ ਜਿਸ ਨਾਲ ਤੁਸੀਂ ਕੇਵਲ ਇੱਕ ਵਾਰ ਸੰਭੋਗ ਕਰ ਸਕਦੇ ਹੋ।

## 3. ਜਿਨਸੀ ਸਾਥੀ/ਸਾਥਣਾਂ ਨੂੰ ਖੁਲਾਸਾ ਕਰਨ ਬਾਰੇ ਕੈਨੇਡੀਅਨ ਅਪਰਾਧਕ ਕਨੂੰਨ ਕੀ ਕਹਿੰਦਾ ਹੈ?

ਕੈਨੇਡਾ ਵਿੱਚ, HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ ਦੀ ਅਪਰਾਧਕ ਕਨੂੰਨ ਤਹਿਤ ਆਪਣੇ ਜਿਨਸੀ ਸਾਥੀ/ਸਾਥਣਾਂ ਨੂੰ ਅਜਿਹਾ ਸੰਭੋਗ ਕਰਨ ਤੋਂ ਪਹਿਲਾਂ, ਜੋ ਅਜਿਹੀ ਸੰਭਾਵਨਾ ਖੜ੍ਹੀ ਕਰਦਾ ਹੈ ਜਿਸਨੂੰ ਅਦਾਲਤਾਂ "ਇੱਕ **ਲਾਗ ਲੱਗਣ ਦੀ ਵਾਸਤਵਿਕ ਸੰਭਾਵਨਾ"** (a realistic possibility of transmission) ਕਹਿੰਦੀਆਂ ਹਨ, ਇਹ ਦੱਸਣ ਦੀ **ਜਿੰਮੇਵਾਰੀ** ਹੈ ਕਿ ਉਹ HIV-ਪਾਜੇਟਿਵ ਹਨ। (ਜਿਨਸੀ ਕਾਰਜਾਂ ਅਤੇ ਖੁਲਾਸੇ ਦੀਆਂ ਲੋੜਾਂ ਦੇ ਵਿਸਥਾਰਾਂ ਵਾਸਤੇ ਹੇਠਾਂ ਦੇਖੋ।) ਦੂਜੇ ਸ਼ਬਦਾਂ ਵਿੱਚ, ਜੇ ਤੁਸੀਂ ਕਿਸੇ ਜਿਨਸੀ ਕਿਰਿਆ ਵਿੱਚ ਸ਼ਾਮਲ ਹੁੰਦੇ ਹੋ ਜੋ, ਕਨੂੰਨ ਅਨੁਸਾਰ, HIV ਦੀ ਲਾਗ ਫੈਲਾਉਣ ਦੀ ਵਾਸਤਵਿਕ ਸੰਭਾਵਨਾ ਰੱਖਦੀ ਹੈ, ਅਤੇ ਤੁਸੀਂ ਪਹਿਲਾਂ ਹੀ ਆਪਣੀ ਅਵਸਥਾ ਬਾਰੇ ਖੁਲਾਸਾ ਨਹੀਂ ਕਰਦੇ, ਤਾਂ ਤੁਹਾਡੇ 'ਤੇ ਗੰਭੀਰ ਅਪਰਾਧ ਦਾ ਦੋਸ਼ ਲਗਾਇਆ ਜਾ ਸਕਦਾ ਹੈ। ਜੇ ਤੁਹਾਨੂੰ ਦੋਸ਼ੀ ਪਾਇਆ ਜਾਂਦਾ ਹੈ, ਤਾਂ ਤੁਸੀਂ ਜੇਲ੍ਹ ਜਾ ਸਕਦੇ ਹੋ।

ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੀ HIV ਦੀ ਲਾਗ ਦਿੱਤੀ ਗਈ ਸੀ ਜਾਂ ਨਹੀਂ। ਤੁਹਾਡੇ 'ਤੇ ਸਿਰਫ ਆਪਣੇ ਜਿਨਸੀ ਸਾਥੀ/ਸਾਥਣਾਂ ਨੂੰ ਇਹ ਨਾ ਦੱਸਣ ਕਰਕੇ ਦੋਸ਼ ਮੜ੍ਹੇ ਜਾ ਸਕਦੇ ਹਨ ਕਿ ਤੁਸੀਂ HIV-ਪਾਜੇਟਿਵ ਹੋ, ਚਾਹੇ HIV ਦੀ ਲਾਗ ਨਹੀਂ ਵੀ ਦਿੱਤੀ ਜਾਂਦੀ।

ਤੁਹਾਡੀ HIV ਅਵਸਥਾ ਦਾ ਖੁਲਾਸਾ ਕਰਨ ਦੀ ਇਹ ਕਨੂੰਨੀ ਜਿੰਮੇਵਾਰੀ ਸਾਰੇ ਜਿਨਸੀ ਸਾਥੀ/ਸਾਥਣਾਂ 'ਤੇ ਬਰਾਬਰ ਰੂਪ ਵਿੱਚ ਲਾਗੂ ਹੁੰਦੀ ਹੈ – ਚਾਹੇ ਇਹ ਤੁਹਾਡੀ ਪਤਨੀ/ਪਤੀ ਹੋਵੇ, ਕੋਈ ਲੰਬੀ – ਜਾਂ ਥੋੜ੍ਹੀ ਮਿਆਦ ਦਾ ਰਿਸ਼ਤਾ ਹੋਵੇ, ਜਾਂ ਕੋਈ ਇੱਕ-ਵਾਰ ਦਾ ਜਿਨਸੀ ਟਕਰਾਅ।

ਜਿੱਥੋਂ ਤੱਕ ਸਾਨੂੰ ਪਤਾ ਹੈ, HIV ਦਾ ਖੁਲਾਸਾ ਨਾ ਕਰਨ ਵਾਸਤੇ ਸਾਰੇ ਅਪਰਾਧਕ ਮਾਮਲਿਆਂ ਨੂੰ ਉਹਨਾਂ ਲੋਕਾਂ ਦੇ ਖਿਲਾਫ ਦਾਇਰ ਕੀਤਾ ਗਿਆ ਹੈ ਜੋ ਆਪਣੀ HIV-ਪਾਜੇਟਿਵ ਅਵਸਥਾ ਬਾਰੇ ਜਾਣਦੇ ਸਨ ਕਿਉਂਕਿ ਉਹਨਾਂ ਨੇ ਇੱਕ HIV ਟੈਸਟ ਕਰਵਾਇਆ ਸੀ (ਜਾਂ

ਤਾਂ ਕੈਨੇਡਾ ਵਿੱਚ ਜਾਂ ਵਿਦੇਸ਼ ਵਿੱਚ)। ਪਰ, HIV ਟੈਸਟ ਨਾ ਕਰਵਾਉਣ ਦਾ ਮਤਲਬ ਜ਼ਰੂਰੀ ਤੌਰ ’ਤੇ ਇਹ ਨਹੀਂ ਹੈ ਕਿ ਮੁਕੱਦਮੇ ਤੋਂ ਤੁਹਾਡੀ ਰੱਖਿਆ ਹੋ ਜਾਵੇਗੀ। ਸਿਧਾਂਤਕ ਤੌਰ ’ਤੇ, ਤੁਹਾਡੇ ’ਤੇ ਤਾਂ ਵੀ ਦੋਸ਼ ਲਾਏ ਜਾ ਸਕਦੇ ਹਨ ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ HIV-ਪਾਜੇਟਿਵ ਹੋ ਸਕਦੇ ਹੋ ਅਤੇ ਤੁਸੀਂ ਉਸ ਸੰਭਾਵਨਾ ਬਾਰੇ ਖੁਲਾਸਾ ਨਹੀਂ ਕਰਦੇ। ਪਰ, ਅੱਜ ਤੱਕ, ਸਾਨੂੰ ਉਹਨਾਂ ਲੋਕਾਂ ਖਿਲਾਫ ਅਜਿਹੇ ਕਿਸੇ ਮਾਮਲਿਆਂ ਬਾਰੇ ਜਾਣਕਾਰੀ ਨਹੀਂ ਹੈ ਜਿੰਨ੍ਹਾਂ ਨੇ ਪਾਜੇਟਿਵ HIV ਟੈਸਟ ਨਤੀਜੇ ਪ੍ਰਾਪਤ ਨਹੀਂ ਕੀਤੇ।

## 4. ਅਪਰਾਧਕ ਕਨੂੰਨ ਦੇ ਤਹਿਤ ਕਿਸੇ ਜਿਨਸੀ ਸਾਥੀ/ਸਾਥਣ ਨੂੰ ਮੇਰੀ HIV-ਪਾਜੇਟਿਵ ਅਵਸਥਾ ਬਾਰੇ ਖੁਲਾਸਾ ਕਰਨ ਦੀ ਮੇਰੀ ਜਿੰਮੇਵਾਰੀ ਕਦੋਂ ਬਣਦੀ ਹੈ?

ਤੁਹਾਨੂੰ ਆਪਣੇ ਜਿਨਸੀ ਸਾਥੀ/ਸਾਥਣ ਨੂੰ ਹਮੇਸ਼ਾ ਆਪਣੀ HIV-ਪਾਜੇਟਿਵ ਅਵਸਥਾ ਦਾ ਖੁਲਾਸਾ ਕਰਨ ਦੀ ਲੋੜ ਨਹੀਂ ਹੈ। ਅਪਰਾਧਕ ਕਨੂੰਨ ਤਹਿਤ ਤੁਹਾਥੋਂ ਤੁਹਾਡੀ HIV ਅਵਸਥਾ ਦਾ ਖੁਲਾਸਾ ਕਰਨਾ ਲੋੜਿਆ ਜਾਂਦਾ ਹੈ ਜਾਂ ਨਹੀਂ, ਇਹ HIV ਦੀ ਲਾਗ ਫੈਲਾਉਣ ਦੇ ਖਤਰੇ ਦੇ ਪੱਧਰ ’ਤੇ ਨਿਰਭਰ ਕਰਦਾ ਹੈ। ਇਹ ਫੈਸਲਾ ਅਦਾਲਤਾਂ ਕਰਦੀਆਂ ਹਨ ਕਿ “ਲਾਗ ਫੈਲਾਉਣ ਦੀ ਵਾਸਤਵਿਕ ਸੰਭਾਵਨਾ” ਦਾ ਮਤਲਬ ਕੀ ਹੈ।

ਕਿਸੇ ਵਿਸ਼ੇਸ਼ ਮਾਮਲੇ ਵਿੱਚ ਉਪਲਬਧ ਡਾਕਟਰੀ ਸਬੂਤਾਂ ਦੇ ਆਧਾਰ ’ਤੇ ਹੋ ਸਕਦਾ ਹੈ ਕਨੂੰਨ ਕਿਸੇ ਹੋਰ ਤਰੀਕੇ ਨਾਲ ਉੱਭਰਕੇ ਸਾਹਮਣੇ ਆ ਜਾਵੇ ਜਾਂ ਵਿਭਿੰਨ ਤਰੀਕੇ ਨਾਲ ਲਾਗੂ ਕਰ ਦਿੱਤਾ ਜਾਵੇ। ਪਰ ਕਨੂੰਨ ਦੀ ਵਰਤਮਾਨ ਅਵਸਥਾ ਦੇ ਆਧਾਰ ’ਤੇ, ਇਹ ਮੰਨ ਲੈਣਾ ਸਭ ਤੋਂ ਸੁਰੱਖਿਅਤ ਹੈ ਕਿ ਨਿਮਨਲਿਖਤ ਤੋਂ ਪਹਿਲਾਂ ਤੁਹਾਡੀ ਖੁਲਾਸਾ ਕਰਨ ਦੀ ਜਿੰਮੇਵਾਰੀ ਹੈ:

- ਬਿਨਾਂ ਨਿਰੋਧ ਦੇ ਯੋਨੀ ਜਾਂ ਗੁਦਾ ਰਾਹੀਂ ਸੰਭੋਗ; ***ਅਤੇ***
- ਨਿਰੋਧ ਦੇ ਨਾਲ ਯੋਨੀ ਜਾਂ ਗੁਦਾ ਰਾਹੀਂ ਸੰਭੋਗ ***ਜਦ ਤੱਕ*** ਤੁਹਾਡੇ ਵਿੱਚ ਵਾਇਰਸ ਦਾ ਘੱਟ ਲੋਡ ਨਾ ਹੋਵੇ (1500 ਕਾਪੀਆਂ/ਮਿ.ਲੀ.)।

ਇੱਕ ਵਾਇਰਲ ਲੋਡ ਟੈਸਟ ਤੁਹਾਨੂੰ ਦੱਸਦਾ ਹੈ ਕਿ ਤੁਹਾਡੇ ਖੂਨ ਵਿੱਚ ਕਿੰਨ੍ਹਾ ਕੁ HIV ਹੈ। ਅਸਰਦਾਰ HIV ਇਲਾਜ ਦੇ ਨਾਲ, ਤੁਹਾਡੇ ਵਾਇਰਸ ਦਾ ਲੋਡ "ਪਤਾ ਨਾ ਲੱਗਣਯੋਗ" ਹੋ ਸਕਦਾ ਹੈ। ਜਦ ਤੁਹਾਡੇ ਵਿੱਚ ਵਾਇਰਸ ਦਾ ਪਤਾ ਨਾ ਲੱਗਣਯੋਗ ਲੋਡ ਹੁੰਦਾ ਹੈ, ਤਾਂ ਇਸਦਾ ਮਤਲਬ ਇਹ ਨਹੀਂ ਹੁੰਦਾ ਕਿ ਤੁਹਾਡੇ HIV ਦਾ ਪੱਕਾ ਇਲਾਜ ਹੋ ਗਿਆ ਹੈ, ਪਰ ਇਸਦਾ ਮਤਲਬ ਇਹ ਜ਼ਰੂਰ ਹੈ ਕਿ ਵਾਇਰਸ ਕਾਬੂ ਵਿੱਚ ਹੈ। ਘੱਟ ਜਾਂ ਪਤਾ ਨਾ ਲੱਗਣਯੋਗ ਵਾਇਰਲ ਲੋਡ ਹੋਣਾ HIV ਦੀ ਲਾਗ ਫੈਲਣ ਦੇ ਖਤਰਿਆਂ ਨੂੰ ਬਹੁਤ ਹੱਦ ਤੱਕ ਘੱਟ ਕਰ ਸਕਦਾ ਹੈ। ਇਸੇ ਕਰਕੇ ਕਨੂੰਨ ਤੁਹਾਡੇ ਵਾਇਰਸ ਦੇ ਲੋਡ ਨੂੰ ਇਹ ਪਤਾ ਲਾਉਣ ਲਈ ਗਿਣਤੀ-ਮਿਣਤੀ ਵਿੱਚ ਲੈਂਦਾ ਹੈ ਕਿ ਕੀ ਤੁਹਾਡੀ ਖੁਲਾਸਾ ਕਰਨ ਦੀ ਜਿੰਮੇਵਾਰੀ ਹੈ।

ਯਾਦ ਰੱਖੋ ਕਿ ਅਪਰਾਧਕ ਕਨੂੰਨ ***ਖੁਲਾਸੇ*** ਬਾਬਤ ਹੈ। ਇਸਦਾ ਮਤਲਬ ਇਹ ਹੈ ਕਿ ਜੇ ਤੁਸੀਂ ਸੰਭੋਗ ਤੋਂ ਪਹਿਲਾਂ ਆਪਣੀ ਅਵਸਥਾ ਦਾ ਖੁਲਾਸਾ ਕਰ ਦਿੱਤਾ ਹੈ ਅਤੇ ਸੰਭੋਗ ਰਜ਼ਾਮੰਦੀ ਨਾਲ ਹੋਇਆ ਹੈ ਤਾਂ ਸੰਭੋਗ ਕਰਨ ਵਾਸਤੇ ਤੁਹਾਡੇ ’ਤੇ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ (ਚਾਹੇ ਤੁਸੀਂ ਕਿਸੇ ਨਿਰੋਧ ਦੀ ਵਰਤੋਂ ਨਹੀਂ ਵੀ ਕਰਦੇ ਅਤੇ/ਜਾਂ ਤੁਹਾਡੇ ਵਾਇਰਸ ਦਾ ਲੋਡ ਵੀ ਜ਼ਿਆਦਾ ਹੈ)।

## 5. ਅਪਰਾਧਕ ਕਨੂੰਨ ਦੇ ਤਹਿਤ ਕਿਸੇ ਜਿਨਸੀ ਸਾਥੀ/ਸਾਥਣ ਨੂੰ ਮੇਰੀ HIV-ਪਾਜੇਟਿਵ ਅਵਸਥਾ ਬਾਰੇ ਖੁਲਾਸਾ ਕਰਨ ਦੀ ਮੇਰੀ ਜਿੰਮੇਵਾਰੀ ਕਦੋਂ *ਨਹੀਂ* ਬਣਦੀ ਹੈ?

ਕਿਉਂਕਿ ਨਿਰੋਧ ਦੀ ਵਰਤੋਂ ਕਰਨਾ ***ਅਤੇ*** ਬਹੁਤ ਘੱਟ ਜਾਂ ਪਤਾ ਨਾ ਲੱਗਣਯੋਗ ਵਾਇਰਸ ਲੋਡ ਹੋਣ ਦਾ ਮਤਲਬ ਇਹ ਹੈ ਕਿ HIV ਦੀ ਲਾਗ ਦੇਣਾ ਲਗਭਗ ਅਸੰਭਵ ਹੈ, ਇਸ ਲਈ ਅਦਾਲਤਾਂ ਨੇ ਕਿਹਾ ਹੈ ਕਿ ਯੋਨੀ ਰਾਹੀਂ ਸੰਭੋਗ ਕਰਨ ਤੋਂ ਪਹਿਲਾਂ ਤੁਹਾਡੀ ਖੁਲਾਸਾ ਕਰਨ ਦੀ ਕੋਈ ਜਿੰਮੇਵਾਰੀ **ਨਹੀਂ** ਜੇ ਤੁਸੀਂ ਨਿਰੋਧ ਦੀ ਵਰਤੋਂ ਕਰਦੇ ਹੋ ***ਅਤੇ*** ਤੁਹਾਡੇ ਵਿੱਚ ਵਾਇਰਸ ਦਾ ਲੋਡ ਘੱਟ ਹੈ ਜਾਂ ਪਤਾ ਨਾ ਲੱਗਣਯੋਗ ਹੈ। (ਇਹ ਸਿਧਾਂਤ *ਸੰਭਵ ਤੌਰ ’ਤੇ* ਇਸੇ ਤਰ੍ਹਾਂ ਨਾਲ ਗੁਦਾ ਰਾਹੀਂ ਸੰਭੋਗ ’ਤੇ ਵੀ ਲਾਗੂ ਹੁੰਦਾ ਹੈ ਪਰ ਅਸੀਂ ਤਦ ਤੱਕ ਨਿਸ਼ਚਿਤ ਨਹੀਂ ਹੋ ਸਕਦੇ ਜਦ ਤੱਕ ਅਦਾਲਤਾਂ ਇਸਦੀ ਪੁਸ਼ਟੀ ਨਹੀਂ ਕਰਦੀਆਂ।)

ਹੋਰ ਨਜ਼ਦੀਕੀ ਕਿਰਿਆਵਾਂ ਤੋਂ ਪਹਿਲਾਂ ਵੀ ਖੁਲਾਸਾ ਕਰਨ ਦੀ ਕੋਈ ਜਿੰਮੇਵਾਰੀ ਨਹੀਂ ਜੋ HIV ਦੇ ਫੈਲਣ ਦਾ ਕੋਈ ਖਤਰਾ ਖੜ੍ਹਾ ਨਹੀਂ ਕਰਦੀਆਂ, ਜਿਵੇਂ ਕਿ ਚੁੰਮਣਾ।

ਮੂੰਹ ਰਾਹੀਂ ਸੰਭੋਗ ਕਰਨ ਨੂੰ ਅਕਸਰ HIV ਦੇ ਫੈਲਣ ਵਾਸਤੇ ਬਹੁਤ ਘੱਟ ਖਤਰਾ ਸਮਝਿਆ ਜਾਂਦਾ ਹੈ। ਪਰ, ਇਸ ਲਿਖਤ ਨੂੰ ਲਿਖਣ ਸਮੇਂ ਤੱਕ, ਅਸੀਂ ਨਿਸ਼ਚਿਤ ਰੂਪ ਵਿੱਚ ਇਹ ਨਹੀਂ ਕਹਿ ਸਕਦੇ ਕਿ ਬਿਨਾਂ ਨਿਰੋਧ ਅਤੇ/ਜਾਂ ਬਿਨਾਂ ਘੱਟ ਵਾਇਰਸ ਵਾਲੇ ਲੋਡ ਦੇ ਮੂੰਹ ਰਾਹੀਂ ਸੰਭੋਗ ਕਰਨ ਵਾਸਤੇ ਖੁਲਾਸਾ ਕਰਨ ਦੀ ਲੋੜ ਨਹੀਂ ਹੈ।

**"ਲਾਗ ਫੈਲਾਉਣ ਦੀ ਵਾਸਤਵਿਕ ਸੰਭਾਵਨਾ" – ਜਿਨਸੀ ਕਿਰਿਆ ਅਨੁਸਾਰ ਖੁਲਾਸਾ ਕਰਨ ਦੀਆਂ ਜਿੰਮੇਵਾਰੀਆਂ**

ਨਿਮਨਲਿਖਤ ਸਾਰਣੀ ਉਹਨਾਂ ਚੀਜ਼ਾਂ ਦਾ ਸਾਰ-ਅੰਸ਼ ਦਿੰਦੀ ਹੈ ਜੋ ਅਸੀਂ, ਕੈਨੇਡਾ ਵਿੱਚ ਕਨੂੰਨ ਦੀ ਵਰਤਮਾਨ ਅਵਸਥਾ ਦੇ ਆਧਾਰ ’ਤੇ, ਤੁਹਾਡੇ ਖੁਲਾਸਾ ਕਰਨ ਦੀਆਂ ਜਿੰਮੇਵਾਰੀਆਂ ਬਾਰੇ ਕਹਿ ਸਕਦੇ ਹਾਂ।

**ਧਿਆਨ ਦਿਓ**: ਇਹ ਫੈਸਲਾ ਅਦਾਲਤਾਂ ਕਰਦੀਆਂ ਹਨ ਕਿ "ਲਾਗ ਫੈਲਾਉਣ ਦੀ ਵਾਸਤਵਿਕ ਸੰਭਾਵਨਾ" ਕੀ ਹੈ। ਕਿਸੇ ਵਿਸ਼ੇਸ਼ ਮਾਮਲੇ ਵਿੱਚ ਉਪਲਬਧ ਡਾਕਟਰੀ ਸਬੂਤਾਂ ਦੇ ਆਧਾਰ ’ਤੇ, ਹੋ ਸਕਦਾ ਹੈ ਕਨੂੰਨ ਕਿਸੇ ਹੋਰ ਤਰੀਕੇ ਨਾਲ ਉੱਭਰਕੇ ਸਾਹਮਣੇ ਆ ਜਾਵੇ ਜਾਂ ਵਿਭਿੰਨ ਤਰੀਕੇ ਨਾਲ ਲਾਗੂ ਕਰ ਦਿੱਤਾ ਜਾਵੇ।

| | ਖੁਲਾਸਾ ਕਰਨ ਦੀ ਜ਼ਿੰਮੇਵਾਰੀ | ਖੁਲਾਸਾ ਕਰਨ ਦੀ ਕੋਈ ਜ਼ਿੰਮੇਵਾਰੀ ਨਹੀਂ | ਸੰਭਵ ਤੌਰ ’ਤੇ ਖੁਲਾਸਾ ਕਰਨ ਦੀ ਕੋਈ ਜ਼ਿੰਮੇਵਾਰੀ ਨਹੀਂ ਪਰ ਇਹ ਅਨਿਸ਼ਚਿਤ ਹੈ |
|---|---|---|---|
| ਬਿਨਾਂ ਨਿਰੋਧ ਸੰਭੋਗ (ਯੋਨੀ ਰਾਹੀਂ, ਗੁਦਾ ਰਾਹੀਂ), ਚਾਹੇ ਵਾਇਰਸ ਦਾ ਲੋਡ ਜੋ ਵੀ ਹੋਵੇ | X | | |
| ਨਿਰੋਧ ਦੇ ਨਾਲ ਸੰਭੋਗ (ਯੋਨੀ ਰਾਹੀਂ, ਗੁਦਾ ਰਾਹੀਂ) ਪਰ ਘੱਟ ਜਾਂ ਪਤਾ ਨਾ ਲੱਗਣਯੋਗ ਵਾਇਰਸ ਲੋਡ ਤੋਂ *ਬਿਨਾਂ* | X | | |
| ਨਿਰੋਧ ਦੇ ਨਾਲ ਸੰਭੋਗ ਅਤੇ ਘੱਟ ਜਾਂ ਪਤਾ ਨਾ ਲੱਗਣਯੋਗ ਵਾਇਰਸ ਲੋਡ ਦੇ ਨਾਲ | | X (ਘੱਟੋ ਘੱਟ ਯੋਨੀ ਰਾਹੀਂ ਸੰਭੋਗ ਵਾਸਤੇ) | X (ਗੁਦਾ ਰਾਹੀਂ ਸੰਭੋਗ) |
| ਮੂੰਹ ਰਾਹੀਂ ਸੰਭੋਗ | | | X |
| ਚੁੰਮਣਾ | | X | |

ਜੇ ਤੁਹਾਡੇ ਨਾਲ ਪੁਲਿਸ ਦੁਆਰਾ ਸੰਪਰਕ ਕੀਤਾ ਗਿਆ ਹੈ ਜਾਂ ਤੁਸੀਂ ਚਿੰਤਤ ਹੋ ਕਿ ਤੁਹਾਨੂੰ ਅਪਰਾਧਕ ਦੋਸ਼ ਲਗਾਏ ਜਾਣ ਦਾ ਖਤਰਾ ਹੈ ਤਾਂ, **ਤੁਹਾਨੂੰ ਕਿਸੇ ਵਕੀਲ ਨਾਲ ਗੱਲ ਕਰਨ ਦੀ ਲੋੜ ਹੈ।** Canadian HIV/AIDS Legal Network (ਜਾਂ “Legal Network”) ਤੁਹਾਨੂੰ ਕਿਸੇ HIV ਤੋਂ ਜਾਣੂੰ ਵਕੀਲ ਕੋਲ ਭੇਜਣ ਦੇ ਯੋਗ ਹੋ ਸਕਦਾ ਹੈ।

## 6. ਜੇ ਮੈਂ ਕੈਨੇਡੀਅਨ ਨਾਗਰਿਕ ਨਹੀਂ ਹਾਂ ਤਾਂ ਕੀ HIV ਦੇ ਖੁਲਾਸੇ ਸਬੰਧੀ ਅਪਰਾਧਕ ਕਨੂੰਨ ਵਿੱਚ ਕੋਈ ਵਿਸ਼ੇਸ਼ ਉਲਝਣਾਂ ਹਨ?

ਹਾਂ। ਜੇ ਤੁਸੀਂ **ਕੈਨੇਡੀਅਨ ਨਾਗਰਿਕ ਨਹੀਂ ਹੋ** ਤਾਂ ਵਿਸ਼ੇਸ਼ ਉਲਝਣਾਂ ਹਨ ਕਿਉਂਕਿ ਇਸ ਗੱਲ ਦਾ ਜਿਕਰਯੋਗ ਖਤਰਾ ਹੈ ਕਿ ਦੋਸ਼ ਸਿੱਧ ਹੋਣ ’ਤੇ ਤੁਹਾਨੂੰ ਤੁਹਾਡੇ ਦੇਸ਼ ਵਾਪਸ ਭੇਜਿਆ ਜਾ ਸਕਦਾ ਹੈ।

ਜੇ ਪੁਲਿਸ ਦੁਆਰਾ ਤੁਹਾਡੇ ਨਾਲ ਸੰਪਰਕ ਕੀਤਾ ਗਿਆ ਹੈ ਜਾਂ ਜੇ ਤੁਸੀਂ ਚਿੰਤਤ ਹੋ ਕਿ ਤੁਹਾਨੂੰ ਅਪਰਾਧਕ ਦੋਸ਼ਾਂ ਦਾ ਖਤਰਾ ਹੋ ਸਕਦਾ ਹੈ ਅਤੇ ਤੁਸੀਂ ਕੋਈ ਕੈਨੇਡੀਅਨ ਨਾਗਰਿਕ ਨਹੀਂ ਹੋ, ਤਾਂ ਤੁਹਾਨੂੰ **ਤੁਰੰਤ ਕਿਸੇ ਪ੍ਰਵਾਸ ਸਬੰਧੀ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ**

***ਹੈ, ਚਾਹੇ ਤੁਸੀਂ*** ਕੋਈ ਸਥਾਈ ਵਸਨੀਕ ਹੋ ਅਤੇ/ਜਾਂ ਤੁਸੀਂ ਕੈਨੇਡਾ ਵਿੱਚ ਸ਼ਰਣਾਰਥੀ ਵਜੋਂ ਆਏ ਸੀ। ਤੁਹਾਨੂੰ ਤੁਰੰਤ **ਕਿਸੇ ਅਪਰਾਧਕ ਵਕੀਲ ਨਾਲ ਵੀ ਸੰਪਰਕ ਕਰਨਾ ਚਾਹੀਦਾ ਹੈ** ਅਤੇ **ਅਪਰਾਧਕ ਵਕੀਲ ਨੂੰ ਤੁਹਾਡੀ ਪ੍ਰਵਾਸ ਅਵਸਥਾ ਦੇ ਵਿਸਥਾਰ ਦੱਸਣੇ ਚਾਹੀਦੇ ਹਨ**। ਹੋ ਸਕਦਾ ਹੈ Legal Network ਉਚਿਤ ਸਿਫਾਰਸ਼ਾਂ ਪ੍ਰਦਾਨ ਕਰਾਉਣ ਦੇ ਯੋਗ ਹੋਵੇ।

### 7. ਕੀ ਅਪਰਾਧਕ ਕਨੂੰਨ ਤੋਂ *ਬਾਹਰ* ਮੇਰੀ HIV-ਪਾਜੇਟਿਵ ਅਵਸਥਾ ਬਾਰੇ ਕਿਸੇ ਜਿਨਸੀ ਸਾਥੀ/ਸਾਥਣ ਨੂੰ ਖੁਲਾਸਾ ਕਰਨ ਲਈ ਕੋਈ ਜਿੰਮੇਵਾਰੀ ਹੈ?

ਹਾਂ। ਜਨਤਕ ਸਿਹਤ ਅਥਾਰਟੀਆਂ ਤੁਹਾਡੇ ਕੋਲੋਂ ਲੋੜ ਸਕਦੀਆਂ ਹਨ ਕਿ ਤੁਸੀਂ ਆਪਣੇ ਜਿਨਸੀ ਸਾਥੀ/ਸਾਥਣ ਨੂੰ ਦੱਸੋ ਕਿ ਤੁਸੀਂ HIV-ਪਾਜੇਟਿਵ ਹੋ।

ਕੈਨੇਡਾ ਵਿੱਚ, ਜਦ ਤੁਸੀਂ HIV ਵਾਸਤੇ ਟੈਸਟ ਕਰਵਾਉਂਦੇ ਹੋ, ਤਾਂ ਟੈਸਟ ਦੇ ਨਤੀਜੇ ਦੀ ਰਿਪੋਰਟ ਸੂਬਾਈ ਜਾਂ ਖੇਤਰੀ ਜਨਤਕ ਸਿਹਤ ਅਥਾਰਟੀਆਂ ਨੂੰ ਵੀ ਕੀਤੀ ਜਾਂਦੀ ਹੈ। ਜਿਸ ਕਿਸਮ ਦੀ ਜਾਣਕਾਰੀ ਦੀ ਜਨਤਕ ਸਿਹਤ ਨੂੰ ਰਿਪੋਰਟ ਕੀਤੀ ਜਾਂਦੀ ਹੈ, ਅਤੇ ਸ਼ਾਇਦ ਕਿਸੇ ਡੈਟਾਬੇਸ ਵਿੱਚ ਸਟੋਰ ਕੀਤੀ ਜਾਂਦੀ ਹੈ, ਉਹ ਸਬੰਧਿਤ ਸੂਬੇ ਜਾਂ ਖਿੱਤੇ ਵਿਚਲੇ ਕਨੂੰਨ ਅਤੇ ਪ੍ਰਥਾ ’ਤੇ ਨਿਰਭਰ ਕਰਦੀ ਹੈ। (ਜੇ ਤੁਸੀਂ ਗੁੰਮਨਾਮ HIV ਟੈਸਟ ਕਰਵਾਉਣ ਦੀ ਚੋਣ ਕਰਦੇ ਹੋ, ਤਾਂ ਟੈਸਟ ਦਾ ਨਤੀਜਾ ਅਤੇ ਪਛਾਣ ਜ਼ਾਹਰ ਨਾ ਕਰਨ ਵਾਲੀ ਜਾਣਕਾਰੀ ਦੀ ਰਿਪੋਰਟ ਜਨਤਕ ਸਿਹਤ ਅਦਾਰੇ ਨੂੰ ਕੀਤੀ ਜਾਵੇਗੀ, ਪਰ ਤੁਹਾਡਾ ਨਾਮ ਨਹੀਂ। ਪਰ, ਜਦ ਤੁਸੀਂ HIV ਵਾਸਤੇ ਡਾਕਟਰੀ ਸੰਭਾਲ ਤੱਕ ਪਹੁੰਚ ਕਰਨੀ ਸ਼ੁਰੂ ਕਰਦੇ ਹੋ, ਤਾਂ ਸੰਭਾਵਨਾ ਹੈ ਕਿ ਤੁਹਾਡੇ ਨਾਮ ਦੀ ਰਿਪੋਰਟ ਜਨਤਕ ਸਿਹਤ ਨੂੰ ਕੀਤੀ ਜਾਵੇ ਚਾਹੇ ਸੰਮਿਲਤ ਟੈਸਟ ਜੋ ਵੀ ਹੋਵੇ।)

ਜੇ HIV ਜਾਂ ਹੋਰ ਜਿਨਸੀ ਤੌਰ ’ਤੇ ਫੈਲਣ ਵਾਲੀਆਂ ਲਾਗਾਂ (STIs) ਵਾਸਤੇ ਤੁਹਾਡਾ ਟੈਸਟ ਪਾਜੇਟਿਵ ਆਉਂਦਾ ਹੈ, ਤਾਂ ਜਨਤਕ ਸਿਹਤ ਅਥਾਰਟੀਆਂ — ਇਸ ਗੱਲ ’ਤੇ ਨਿਰਭਰ ਕਰਨ ਅਨੁਸਾਰ ਕਿ ਤੁਸੀਂ ਕਿੱਥੇ ਰਹਿੰਦੇ ਹੋ— ਸੰਭਵ ਤੌਰ ’ਤੇ ਇਹ ਲੋੜਨਗੀਆਂ ਕਿ ਤੁਹਾਡੇ ਜਿਨਸੀ ਸਾਥੀ/ਸਾਥਣਾਂ ਦੇ ਨਾਲ ਸੰਪਰਕ ਕੀਤਾ ਜਾਵੇ। ਇਸਨੂੰ ਸਾਥੀ/ਸਾਥਣ ਅਧਿਸੂਚਨਾ ਕਿਹਾ ਜਾਂਦਾ ਹੈ।

ਜਨਤਕ ਸਿਹਤ ਅਥਾਰਟੀਆਂ ਜਨਤਕ ਸਿਹਤ ਦੀ ਰੱਖਿਆ ਕਰਨ ਅਤੇ HIV ਸਮੇਤ ਲਾਗਾਂ (infections) ਦੇ ਫੈਲਣ ਨੂੰ ਰੋਕਣ ਲਈ ਜਿੰਮੇਵਾਰ ਹਨ। ਹਾਲਾਂਕਿ ਇਹ ਅਥਾਰਟੀਆਂ ਆਮ ਤੌਰ ’ਤੇ ਤੁਹਾਡੇ ਨਾਲ ਕਾਰਜ ਕਰਨਗੀਆਂ, ਪਰ ਕਈ ਵਾਰ ਇਹ ਕਾਰਵਾਈ ਕਰ ਸਕਦੀਆਂ ਹਨ ਜੇਕਰ ਤੁਸੀਂ ਆਪਣੀ ਜਿਨਸੀ ਸਾਥੀ/ਸਾਥਣਾਂ ਨੂੰ ਆਪਣੀ ਅਵਸਥਾ ਬਾਰੇ ਖੁਲਾਸਾ ਨਹੀਂ ਕਰਦੇ ਜਾਂ ਕਰ ਨਹੀਂ ਸਕਦੇ। ਜਨਤਕ ਸਿਹਤ ਅਥਾਰਟੀਆਂ ਦੀਆਂ ਸ਼ਕਤੀਆਂ ਅਤੇ ਪ੍ਰਕਿਰਿਆਵਾਂ ਇੱਕ ਸੂਬੇ/ਖਿੱਤੇ ਤੋਂ ਦੂਜੇ ਤੱਕ ਬਦਲਦੀਆਂ ਰਹਿੰਦੀਆਂ ਹਨ।

ਨੋਟ ਕਰੋ ਕਿ ਚਾਹੇ ਤੁਸੀਂ ਸੋਚਦੇ ਹੋਵੋਂ ਕਿ ਜਨਤਕ ਸਿਹਤ ਨੇ ਤੁਹਾਡੇ ਜਿਨਸੀ ਸਾਥੀ/ਸਾਥਣਾਂ ਨਾਲ ਸੰਪਰਕ ਕੀਤਾ ਹੋ ਸਕਦਾ ਹੈ, ਫਿਰ ਵੀ ਅਪਰਾਧਕ ਕਨੂੰਨ ਤਹਿਤ ਤੁਹਾਡੀ ਜਿੰਮੇਵਾਰੀ ਹੈ ਕਿ ਤੁਸੀਂ ਸੰਭੋਗ ਕਰਨ ਤੋਂ ਪਹਿਲਾਂ ਆਪਣੀ HIV-ਪਾਜੇਟਿਵ ਅਵਸਥਾ ਬਾਰੇ ਖੁਲਾਸਾ ਕਰੋ। ਜੇ ਤੁਸੀਂ ਆਪਣੇ ਸਾਥੀ/ਸਾਥਣਾਂ ਨੂੰ ਸਿੱਧੇ ਤੌਰ ’ਤੇ ਨਹੀਂ ਦੱਸਿਆ ਤਾਂ ***ਇਹ ਨਾ ਮੰਨ ਲੈਣਾ*** ਹਮੇਸ਼ਾ ਵਧੇਰੇ ਸੁਰੱਖਿਅਤ ਹੁੰਦਾ ਹੈ ਕਿ ਤੁਹਾਡੇ ਸਾਥੀ/ਸਾਥਣ ਤੁਹਾਡੀ HIV-ਪਾਜੇਟਿਵ ਅਵਸਥਾ ਬਾਰੇ ਜਾਣਦੇ ਹਨ।

## 8. ਜੇ ਮੇਰੀ ਪਤਨੀ/ਪਤੀ ਜਾਂ ਸਾਥੀ/ਸਾਥਣ ਨੇ ਮੈਨੂੰ ਕੈਨੇਡਾ ਮੰਗਵਾਉਣ ਲਈ ਮੇਰੀ ਸਰਪ੍ਰਸਤੀ (sponsorship) ਕੀਤੀ ਹੈ ਤਾਂ ਕੀ?

ਜੇ ਤੁਹਾਡੀ ਪਤਨੀ/ਪਤੀ ਜਾਂ ਸਾਥੀ/ਸਾਥਣ ਨੇ ਤੁਹਾਡੀ ਸਰਪ੍ਰਸਤੀ ਕੀਤੀ ਹੈ ਅਤੇ ਤੁਹਾਡਾ HIV ਟੈਸਟ ਪਾਜੇਟਿਵ ਆਉਂਦਾ ਹੈ, ਤਾਂ Citizenship and Immigration Canada (CIC) ਤੁਹਾਡੀ ਪਤਨੀ/ਪਤੀ ਜਾਂ ਸਾਥੀ/ਸਾਥਣ ਨੂੰ ਇਹ ਦੱਸਣ ਲਈ, ਕਿ ਤੁਸੀਂ HIV-ਪਾਜੇਟਿਵ ਹੋ, ਜਾਂ ਤੁਹਾਡੀ ਅਰਜ਼ੀ ਵਾਪਸ ਲੈਣ ਲਈ 60 ਦਿਨਾਂ ਦਾ ਸਮਾਂ ਦੇਵੇਗਾ।

ਜੇ ਤੁਸੀਂ ਆਪਣੀ ਅਰਜ਼ੀ ਵਾਪਸ ਨਹੀਂ ਲੈਂਦੇ, ਤਾਂ CIC ਤੁਹਾਡੀ ਪਤਨੀ/ਪਤੀ ਜਾਂ ਸਾਥੀ/ਸਾਥਣ ਨੂੰ 60-ਦਿਨ ਦੀ ਸਮਾਂ-ਸੀਮਾ ਦੇ ਬਾਅਦ ਤੁਹਾਡੀ HIV-ਪਾਜੇਟਿਵ ਅਵਸਥਾ ਬਾਰੇ ਸੂਚਿਤ ਕਰ ਦੇਵੇਗੀ। ਤੁਹਾਡੀ ਪਤਨੀ/ਪਤੀ ਜਾਂ ਸਾਥੀ/ਸਾਥਣ ਨੂੰ ਸਰਪ੍ਰਸਤੀ ਵਾਪਸ ਲੈਣ ਜਾਂ ਇਸਨੂੰ ਬਣਾਈ ਰੱਖਣ ਦਾ ਫੈਸਲਾ ਕਰਨ ਵਾਸਤੇ ਹੋਰ 60 ਦਿਨਾਂ ਦਾ ਸਮਾਂ ਦਿੱਤਾ ਜਾਵੇਗਾ। ਜੇ ਤੁਹਾਡੀ ਪਤਨੀ/ਪਤੀ ਜਾਂ ਸਾਥੀ/ਸਾਥਣ ਸਰਪ੍ਰਸਤੀ ਨੂੰ ਵਾਪਸ ਲੈਣ ਦੀ ਚੋਣ ਨਹੀਂ ਕਰਦੇ, ਤਾਂ ਤੁਹਾਡੀ ਅਰਜ਼ੀ ਆਮ ਦੀ ਤਰ੍ਹਾਂ ਅੱਗੇ ਵਧ ਜਾਵੇਗੀ।

ਇਹ ਮਹੱਤਵਪੂਰਨ ਜਾਣਕਾਰੀ ਹੈ ਕਿਉਂਕਿ, ਜੇ ਤੁਸੀਂ ਆਪਣੀ ਪਤਨੀ/ਪਤੀ ਜਾਂ ਸਾਥੀ/ਸਾਥਣ (ਜਿਸ ਨਾਲ ਤੁਸੀਂ ਸੰਭੋਗ ਕਰਦੇ ਹੋ) ਨੂੰ ਤੁਹਾਡੀ HIV-ਪਾਜੇਟਿਵ ਅਵਸਥਾ ਬਾਰੇ ਨਹੀਂ ਦੱਸਿਆ, ਤਾਂ ਤੁਹਾਨੂੰ ਅਪਰਾਧਕ ਦੋਸ਼ਾਂ ਦਾ ਖਤਰਾ ਹੋ ਸਕਦਾ ਹੈ ਜੇਕਰ ਤੁਹਾਡੀ ਪਤਨੀ/ਪਤੀ ਜਾਂ ਸਾਥੀ/ਸਾਥਣ ਪੁਲਿਸ ਕੋਲ ਜਾਣ ਦਾ ਫੈਸਲਾ ਕਰਦੇ ਹਨ।

ਅਤੇ ਇੱਕ ਵਾਰ ਫੇਰ, ਜਿਵੇਂ ਕਿ ਜਨਤਕ ਸਿਹਤ ਨਾਲ ਹੁੰਦਾ ਹੈ, ਚਾਹੇ ਤੁਸੀਂ ਸੋਚਦੇ ਹੋ ਕਿ CIC ਨੇ ਤੁਹਾਡੀ ਪਤਨੀ/ਪਤੀ ਜਾਂ ਸਾਥੀ/ਸਾਥਣ ਨਾਲ ਸੰਪਰਕ ਕੀਤਾ ਹੋ ਸਕਦਾ ਹੈ, ਜੇ ਤੁਸੀਂ ਆਪਣੇ ਸਾਥੀ/ਸਾਥਣਾਂ ਨੂੰ ਖੁਦ ਸਿੱਧੇ ਤੌਰ ’ਤੇ ਨਹੀਂ ਦੱਸਿਆ ਤਾਂ ਇਹ ***ਨਾ ਮੰਨਣ***। ਹਮੇਸ਼ਾ ਹੀ ਵਧੇਰੇ ਸੁਰੱਖਿਅਤ ਹੁੰਦਾ ਹੈ ਕਿ ਉਹ ਤੁਹਾਡੇ HIV-ਪਾਜੇਟਿਵ ਹੋਣ ਬਾਰੇ ਜਾਣਦੇ ਹਨ।

## 9. ਖੁਲਾਸੇ ਦੇ ਬਾਬਤ ਸਹਾਇਤਾ ਮੈਂ ਕਿੱਥੋਂ ਪ੍ਰਾਪਤ ਕਰ ਸਕਦਾ/ਦੀ ਹਾਂ?

ਹੋਰਨਾਂ ਨੂੰ ਇਹ ਦੱਸਣਾ ਕਿ ਤੁਸੀਂ HIV-ਪਾਜੇਟਿਵ ਹੋ, ਮੁਸ਼ਕਿਲ ਅਤੇ ਤਣਾਅਪੂਰਨ ਹੋ ਸਕਦਾ ਹੈ। ਕੁਝ ਕੁ ਮਾਮਲਿਆਂ ਵਿੱਚ ਤੁਹਾਨੂੰ ਠੁਕਰਾਏ ਜਾਣ, ਹਿੰਸਾ ਜਾਂ ਭੇਦਭਾਵ ਦਾ ਡਰ ਹੋ ਸਕਦਾ ਹੈ, ਜਾਂ ਤੁਹਾਨੂੰ ਇਹ ਚਿੰਤਾ ਹੋ ਸਕਦੀ ਹੈ ਕਿ ਤੁਹਾਡੀ HIV-ਪਾਜੇਟਿਵ ਅਵਸਥਾ ਨੂੰ ਗੁਪਤ ਨਹੀਂ ਰੱਖਿਆ ਜਾਵੇਗਾ। ਅਜਿਹੇ ਸ਼ੰਕੇ ਵਿਸ਼ੇਸ਼ ਕਰਕੇ ਉਹਨਾਂ ਲੋਕਾਂ ਲਈ ਵਾਸਤਵਿਕ ਹੁੰਦੇ ਹਨ ਜੋ ਇਕਮਿੱਕ ਹੋਕੇ ਰਹਿਣ ਵਾਲੇ ਭਾਈਚਾਰਿਆਂ ਵਿੱਚ ਅਤੇ ਅਜਿਹੇ ਭਾਈਚਾਰਿਆਂ ਵਿੱਚ ਰਹਿ ਰਹੇ ਹਨ ਜਿੱਥੇ ਕਾਮ-ਵਾਸ਼ਨਾ ਅਤੇ HIV ਵਰਜਿਤ ਚੀਜ਼ਾਂ ਹਨ। ਨਸਲਵਾਦ, ਲਿੰਗੀ ਮਿਆਰ, ਆਰਥਿਕ ਹਾਲਤਾਂ, ਅਤੇ ਸੱਭਿਆਚਾਰਕ ਅਤੇ ਭਾਸ਼ਾਈ ਰੁਕਾਵਟਾਂ ਉਹ ਸਾਰੇ ਕਾਰਕ ਹਨ ਜੋ ਕਿਸੇ ਵਿਅਕਤੀ ਦੀ ਆਪਣੀ ਅਵਸਥਾ ਦਾ ਖੁਲਾਸਾ ਕਰਨ, HIV ਫੈਲਣ ਦੇ ਖਤਰਿਆਂ ਨੂੰ ਘੱਟ ਕਰਨ ਲਈ ਸਾਵਧਾਨੀਆਂ ਵਰਤਣ, ਅਤੇ ਸਹਾਇਤਾ ਤੱਕ ਪਹੁੰਚ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਤੁਹਾਡੀ ਸਥਾਨਕ ਏਡਜ਼ ਸੰਸਥਾ ਨਾਲ ਸੰਪਰਕ ਕਰਨਾ ਮਦਦ ਅਤੇ ਸਹਾਇਤਾ ਲੱਭਣ ਲਈ ਇੱਕ ਵਧੀਆ ਪਹਿਲਾ ਕਦਮ ਹੋ ਸਕਦਾ ਹੈ। ਤੁਹਾਡੀ HIV ਅਵਸਥਾ ਦਾ ਖੁਲਾਸਾ ਕਰਨਾ ਹੈ ਜਾਂ ਨਹੀਂ, ਇਹ ਫੈਸਲਾ ਕਰਨ ਤੋਂ ਪਹਿਲਾਂ ਤੁਸੀਂ ਕਨੂੰਨੀ ਸਲਾਹ ਲੈਣਾ ਵੀ ਚਾਹ ਸਕਦੇ ਹੋ।

**ਵਧੀਕ ਸਰੋਤ**

*ਜੇ ਤੁਸੀਂ:*

**HIV ਦਾ ਖੁਲਾਸਾ ਅਤੇ ਅਪਰਾਧਕ ਕਨੂੰਨ** ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ — ਸਾਡੀ ਜਾਣਕਾਰੀ ਸ਼ੀਟ, *ਕੈਨੇਡਾ ਵਿੱਚ ਅਪਰਾਧਕ ਕਨੂੰਨ ਅਤੇ HIV ਬਾਰੇ ਖੁਲਾਸਾ ਨਾ ਕਰਨਾ (Criminal Law & HIV Non-Disclosure in Canada)* ਦੇਖੋ, ਜੋ http://www.aidslaw.ca/site/criminal-law-and-hiv/’ਤੇ ਉਪਲਬਧ ਹੈ, ਅਤੇ www.youtube.com /aidslaw ’ਤੇ HIV ਅਤੇ ਅਪਰਾਧਕ ਕਨੂੰਨ ਬਾਰੇ ਸਾਡੇ ਵੀਡੀਓਜ਼ ਦੀ ਲੜੀ ਦੇਖੋ (ਕੇਵਲ ਅੰਗਰੇਜ਼ੀ ਅਤੇ ਫਰੈਂਚ ਵਿੱਚ ਉਪਲਬਧ ਹੈ)। ਤੁਸੀਂ Legal Network ਨਾਲ ਅਤੇ HIV ਅਤੇ ਕੈਨੇਡਾ ਵਿਚਲੇ ਕਨੂੰਨ ਦੇ ਮਿਲਾਪ-ਬਿੰਦੂ ’ਤੇ ਕੰਮ ਕਰ ਰਹੀਆਂ ਹੋਰ ਸੰਸਥਾਵਾਂ ਨਾਲ ਵੀ ਸੰਪਰਕ ਕਰ ਸਕਦੇ ਹੋ (ਹੇਠਾਂ ਸੰਪਰਕ ਜਾਣਕਾਰੀ ਦੇਖੋ)। ਜੇ ਤੁਹਾਨੂੰ ਕਨੂੰਨੀ ਸਲਾਹ ਦੀ ਲੋੜ ਹੈ, ਤਾਂ ਤੁਹਾਨੂੰ ਕਿਸੇ ਵਕੀਲ ਦੇ ਨਾਲ ਸੰਪਰਕ ਕਰਨਾ ਚਾਹੀਦਾ ਹੈ; ਹੋ ਸਕਦਾ ਹੈ Legal Network ਉਚਿਤ ਸਿਫਾਰਸ਼ਾਂ ਪ੍ਰਦਾਨ ਕਰਨ ਦੇ ਯੋਗ ਹੋਵੇ।

**ਕਾਰਜ-ਸਥਾਨ, ਸਕੂਲ ਜਾਂ ਸਿਹਤ ਸੰਭਾਲ ਸਥਾਪਨਾਵਾਂ ਵਿੱਚ HIV ਦਾ ਖੁਲਾਸਾ** — ਜਾਣਕਾਰੀ ਸ਼ੀਟਾਂ ਦੀ ਸਾਡੀ ਲੜੀ , *ਆਪਣੇ ਅਧਿਕਾਰ ਜਾਣੋ **(KnowYour Rights)**,* ਦੇਖੋ ਜੋ http://www.aidslaw.ca/site/kyr/ ’ਤੇ ਉਪਲਬਧ ਹਨ **(**ਅੰਗਰੇਜ਼ੀ**,** ਫਰੈਂਚ**,** ਅਰਬੀ**,** ਚੀਨੀ**,** ਸਪੈਨਿਸ਼ ਅਤੇ ਤਾਗਾਲੋਗ ਵਿੱਚ ਉਪਲਬਧ**)**।

**ਜਨਤਕ ਸਿਹਤ ਅਤੇ HIV ਟੈਸਟਿੰਗ ਦੇ ਵਿਕਲਪ** — ਤੁਹਾਡੇ ਸੂਬੇ ਵਿੱਚ, ਤੁਹਾਡੀ ਸਥਾਨਕ AIDS ਸੇਵਾ ਸੰਸਥਾ ਨਾਲ ਸੰਪਰਕ ਕਰੋ। ਜੇ ਤੁਸੀਂ ਓਨਟੈਰੀਓ ਵਿੱਚ ਰਹਿੰਦੇ ਹੋ, ਤਾਂ HIV & AIDS Legal Clinic Ontario (HALCO) ਕਨੂੰਨੀ ਸਲਾਹ ਪ੍ਰਦਾਨ ਕਰ ਸਕਦੀ ਹੈ ਜੇ ਤੁਹਾਡੇ ਜਨਤਕ ਸਿਹਤ ਨਾਲ ਸਬੰਧਿਤ ਸ਼ੰਕੇ ਹਨ।

**ਅਪਰਾਧਕ ਦੋਸ਼-ਸਿੱਧੀਆਂ ਅਤੇ ਉਹਨਾਂ ਦੇ ਗੈਰ-ਕੈਨੇਡੀਅਨ ਨਾਗਰਿਕਾਂ ’ਤੇ ਪ੍ਰਭਾਵ** — Community Legal Education Ontario (CLEO) ਦੀ, *ਮਾਨਸਿਕ ਬਿਮਾਰੀ, ਅਪਰਾਧਕ ਜੁਰਮ ਅਤੇ ਦੇਸ਼-ਵਾਪਸੀ: ਮੂਹਰਲੀ-ਕਤਾਰ ਦੇ ਵਰਕਰਾਂ ਵਾਸਤੇ ਨੁਕਤੇ* (ਜੂਨ 2013), ਨੂੰ http://www.cleo.on.ca/sites/default/files/book_pdfs/mentill.pdf ’ਤੇ ਦੇਖੋ (ਕੇਵਲ ਅੰਗਰੇਜ਼ੀ)

*ਸੰਪਰਕ ਜਾਣਕਾਰੀ:*

- **Canadian HIV/AIDS Legal Network (ਕੈਨੇਡਾ):**
  **www.aidslaw.ca**

ਟੈਲੀਫ਼ੋਨ:: +1 416 595-1666

ਫੈਕਸ: +1 416 595-0094

ਈਮੇਲ: info@aidslaw.ca

- **HIV & AIDS Legal Clinic Ontario (HALCO) (ਓਨਟੈਰੀਓ):**

  **www.halco.org**
  ਟੈਲੀ:: +1 416 340-7790 ਜਾਂ +1 888 705-8889

  ਫੈਕਸ: +1 416 340-7248

  ਈਮੇਲ: talklaw@halco.org

- **Coalition communautaire des organismes québécois de la lutte contre le sida (COCQ-SIDA) — Clinique d'information juridique VIH info droits (Quebec):**
  **www.cocqsida.com**
  ਟੈਲੀ: +1 514 844-2477 (ਐਕਸਟੈਨਸ਼ਨ 34)

  ਟੋਲ-ਫ੍ਰੀ (ਮੋਂਟਰੀਅਲ ਤੋਂ ਬਾਹਰੋਂ ਕਾਲ ਕਰਦੇ ਸਮੇਂ): +1 866 535-0481 (ਐਕਸਟੈਨਸ਼ਨ 34)

  ਈਮੇਲ : vih-infodroits@cocqsida.com

ਕੋਈ ਸਥਾਨਕ ਏਡਜ਼ ਸੰਸਥਾ ਲੱਭਣ ਲਈ, ਦੇਖੋ https://hiv411.ca/ **/**

ਕੋਈ ਵਕੀਲ ਲੱਭਣ ਲਈ, ਤੁਹਾਡੇ ਪ੍ਰਾਂਤ ਵਿੱਚ ਕਨੂੰਨੀ ਸਹਾਇਤਾ ਅਤੇ ਵਕੀਲ-ਸਿਫਾਰਸ਼ ਸੇਵਾਵਾਂ ਨਾਲ ਸੰਪਰਕ ਕਰੋ। ਕਨੂੰਨੀ ਸਹਾਇਤਾ ਘੱਟ ਆਮਦਨ ਵਾਲੇ ਵਿਅਕਤੀ ਵਿਸ਼ੇਸ਼ਾਂ ਵਾਸਤੇ ਸੇਵਾਵਾਂ ਦੀ ਪੇਸ਼ਕਸ਼ ਕਰਦੀ ਹੈ।

**ਇਸ ਪ੍ਰਕਾਸ਼ਨਾ ਵਿੱਚ ਆਮ ਜਾਣਕਾਰੀ ਹੈ। ਇਹ ਕਨੂੰਨੀ ਸਲਾਹ ਨਹੀਂ ਹੈ, ਅਤੇ ਕਨੂੰਨੀ ਸਲਾਹ ਵਜੋਂ ਇਸ ਉੱਤੇ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ। ਨਕਲਾਂ Canadian HIV/AIDS Legal Network ਦੀ ਵੈੱਬਸਾਈਟ www.aidslaw.ca/criminallaw'ਤੇ ਉਪਲਬਧ ਹਨ। ਮੁੜ-ਪ੍ਰਕਾਸ਼ਨਾ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਪਰ ਕਾਪੀਆਂ ਨੂੰ ਵੇਚਿਆ ਨਹੀਂ ਜਾ ਸਕਦਾ, ਅਤੇ ਜਾਣਕਾਰੀ ਦੇ ਸਰੋਤ ਵਜੋਂ Canadian HIV/AIDS Legal Network (Canadian HIV/AIDS Legal Network) ਦਾ ਜ਼ਿਕਰ ਕਰਨਾ ਲਾਜ਼ਮੀ ਹੈ।**

ਇਸ ਪ੍ਰਕਾਸ਼ਨਾ ਵਾਸਤੇ ਫ਼ੰਡ-ਸਹਾਇਤਾ Public Health Agency of Canada ਵੱਲੋਂ ਪ੍ਰਦਾਨ ਕੀਤੀ ਗਈ ਸੀ। ਇਸ ਪ੍ਰਕਾਸ਼ਨਾ ਵਿਚਲੇ ਦ੍ਰਿਸ਼ਟੀਕੋਣ ਲੇਖਕਾਂ ਦੇ ਹਨ ਅਤੇ ਜ਼ਰੂਰੀ ਨਹੀਂ ਹੈ ਕਿ ਇਹ Public Health Agency of Canada ਦੇ ਅਧਿਕਾਰਿਤ ਦ੍ਰਿਸ਼ਟੀਕੋਣਾਂ ਦੀ ਝਲਕ ਦਿੰਦੇ ਹੋਣ।

© Canadian HIV/AIDS Legal Network, 2015.